# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
# ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

ਟੈਲੀਫੋਨ ਫੈਕਸ
2621106 2624687

ਵੱਲ੍ਹ

ਪ੍ਰਿੰਸੀਪਲ, ਸਰਕਾਰੀ ਇੰਨ ਸਰਵਿਸ ਟ੍ਰੈਨਿੰਗ ਸੈਂਟਰ (ਅ੍ਰੰਮਿਤਸਰ,ਬਠਿੰਡਾ, ਫਿਰੋਜ਼ਪੁਰ,ਗੁਰਦਾਸਪੁਰ ਕਪੂਰਥਲਾ,ਲਧਿਆਣਾ, ਰੋਪੜ)
ਪ੍ਰਿੰਸੀਪਲ, ਡਇਟ (ਮਾਨਸਾ,ਮੋਗਾ ਮੁਕਤਸਰ)

ਮੀਮੋ ਨੰ:SSA/ASPD/TT/Induction training/2010-11/38214-38223
ਮਿਤੀ ਚੰਡੀਗੜ੍ਹ 24.5.2010

**ਵਿਸ਼ਾ SSA ਅਧੀਨ ਨਵੇਂ ਭਰਤੀ ਹੋਣ ਵਾਲੇ ਅਧਿਆਪਕਾਂ ਦੀ ਇੰਡਕਸ਼ਨ ਟ੍ਰੇਨਿੰਗ ਸੰਬੰਧੀ।**

1. ਸਾਲ 2010-11 ਦੋਰਾਨ ਨਵੀਂ ਭਰਤੀ ਹੋਣ ਵਾਲੇ ਅਧਿਆਪਕਾਂ ਲਈ PAB ਵਿੱਚ 100 ਰੁ ਪ੍ਰਤਿ ਅਧਿਆਪਕ ਪ੍ਰਤਿ ਦਿਨ ਦੇ ਹਿਸਾਬ ਨਾਲ ਮੰਨਜ਼ੂਰ ਹੋਏ ਹਨ। ਇਸ ਟ੍ਰੈਨਿੰਗ ਦਾ ਮੰਤਵ ਵਿਭਾਗ ਵਿੱਚ ਆਏ ਨਵੇਂ ਅਧਿਆਪਕਾਂ ਨੂੰ ਵਿਭਾਗ ਅਤੇ ਵਿਦਿਅਕ ਗਤੀਵਿਧੀਆਂ ਬਾਰੇ ਜਾਣੂ ਕਰਵਾਉਣਾ ਹੈ।

2. ਸਰਵ ਸਿੱਖਿਆ ਅਭਿਆਨ ਅਧੀਨ ਨਵੇਂ ਅੱਪਗ੍ਰੇਡ ਹੋਏ ਅੱਪਰ ਪ੍ਰਇਮਰੀ ਸਕੂਲਾਂ ਵਿੱਚ ਤਿੰਨ ਅਧਿਆਪਕਾਂ ਦੀਆਂ ਅਸਾਮੀਆਂ ਦੀ ਮਨਜ਼ੂਰੀ ਹੋਈ ਹੈ। ਇਹਨਾਂ ਅਧਿਆਪਕਾਂ ਨੂੰ ਜਲਦ ਹੀ ਨਿਯੁਕਤੀ ਪੱਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਜਾਰੀ ਕੀਤੇ ਜਾ ਰਹੇ ਹਨ।

3. ਨਵ- ਨਿਯੁਕਤ ਹੋਏ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਮਿਲਣ ਤੋਂ ਤੁਰੰਤ ਬਾਅਦ 15 ਦਿਨਾਂ ਦੀ ਇੰਡਕਸ਼ਨ ਟ੍ਰੇਨਿੰਗ ਸ਼ੁਰੂ ਕਰਵਾਈ ਜਾਵੇਗੀ ।ਇਸ ਸੰਬੰਧੀ ਆਪ ਜੀ ਵੱਲੋ ਰਿਸੋਰਸ ਪਰਸਨ ਅਤੇ ਸਟੱਡੀ ਮਟੀਰੀਅਲ ਦੀ ਤਿਆਰੀ ਪੂਰੀ ਕਰ ਲਈ ਜਾਵੇ। ਸਰਵ ਸਿੱਖਿਆ ਅਭਿਆਨ ਅਧੀਨ ਹੇਠਾਂ ਲਿਖੀ ਸਾਰਨੀ ਅਨੁਸਾਰ ਅਧਿਆਪਕ ਆਪ ਜੀ ਦੇ ਜ਼ਿਲ੍ਹੇ ਵਿੱਚ ਜੁਆਇੰਨ ਕਰਣਗੇ ਅਤੇ ਜੁਆਇੰਨਗ ਤੋਂ ਤੁਰੰਤ ਬਾਅਦ ਆਪ ਜੀ ਨੂੰ ਰਿਪੋਰਟ ਕਰਨਗੇ।

| ਲੜੀ ਨੰ | ਜ਼ਿਲ੍ਹਾ | ਗਿਣਤੀ |
|---|---|---|
| 1 | ਅੰਮ੍ਰਿਤਸਰ | 42 |
| 2. | ਬਠਿੰਡਾ | 21 |
| 3. | ਫਿਰੋਜ਼ਪੁਰ | 39 |
| 4. | ਗੁਰਦਾਸਪੁਰ | 48 |
| 5 | ਕਪੂਰਥਲਾ | 15 |
| 6. | ਲੁਧਿਆਣਾ | 6 |
| 7 | ਮਾਨਸਾ | 30 |
| 8. | ਮੋਹਾਲੀ | 27 |
| 9. | ਮੋਗਾ | 15 |
| 10. | ਮੁਕਤਸਰ | 33 |

4. ਟ੍ਰੈਨਿੰਗ 15 ਦਿਨ ਲਈ ਸੰਭਵਤਾ ਮਿਤੀ 11.6.2010 ਤੋਂ ਸ਼ੁਰੂ ਹੋ ਕੇ 29.6.2010 ਤੱਕ ਚੱਲੇਗੀ। ਇਸ ਟ੍ਰੈਨਿੰਗ ਦਾ ਸਥਾਨ,ਕਆਰਡੀਨੇਟਰ ਦਾ ਨਾਂ ਅਤੇ ਉਸਦਾ ਮੁਬਾਇਲ ਨੰ ਮੁੱਖ ਦਫਤਰ ਨੂੰ ਭੇਜਿਆ ਜਾਵੇ।

5 ਇਸ ਟ੍ਰੈਨਿੰਗ ਦਾ ਖਰਚਾ ਸਰਵ ਸਿੱਖਿਆ ਅਭਿਆਨ ਦੇ ਟੀਚਰ ਟ੍ਰੈਨਿੰਗ ਫੰਡ ਵਿੱਚੋਂ ਨਿਯਮਾਂ ਅਨੁਸਾਰ ਕੀਤਾ ਜਾਵੇ।

6. ਟ੍ਰੈਨਿੰਗ ਲੈਣ ਆਏ ਅਧਿਆਪਕਾਂ ਨੂੰ ਮੂਲ ਸਹੂਲਤਾਂ ਜਿਵੇਂ ਕੀ ਪੀਣ ਦਾ ਪਾਣੀ, ਬੈਠਣ ਦਾ ਉੱਚਿਤ ਪ੍ਰਬੰਧ ਅਤੇ ਬਿਜਲੀ ਦੇ ਪੱਖੇ ਅਦਿ ਮੁਹੱਈਆ ਕਰਵਾਈਆਂ ਜਾਣ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:** SSA/ASPD/TT/Induction training/2010-11/38224-38245 ਮਿਤੀ 24.5.2010

ਉਪਰੋਕਤ ਦਾ ਉਤਰਾ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ ਈ ਓ (ਐ:ਸਿ) ਅੰ੍ਮਿਤਸਰ,ਬਠਿੰਡਾ, ਫਿਰੋਜ਼ਪੁਰ,ਗੁਰਦਾਸਪੁਰ,ਕਪੂਰਥਲਾ,ਲਧਿਆਣਾ, ਰੋਪੜ, ਮਾਨਸਾ,ਮੋਗਾ ਮੁਕਤਸਰ,ਐਸ. ਏ. ਐਸ ਨਗਰ)

2. ਡੀ ਈ ਓ (ਸੈ:ਸਿ) ਅੰ੍ਮਿਤਸਰ,ਬਠਿੰਡਾ, ਫਿਰੋਜ਼ਪੁਰ,ਗੁਰਦਾਸਪੁਰ,ਕਪੂਰਥਲਾ,ਲਧਿਆਣਾ, ਰੋਪੜ, ਮਾਨਸਾ,ਮੋਗਾ ਮੁਕਤਸਰ, ਐਸ. ਏ. ਐਸ ਨਗਰ)

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਨਾਲ ਨੱਥੀ ਸਮਾਂ ਸਾਰਨੀ**